ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ,ਪੰਜਾਬ
(ਈ-2,ਸ਼ਾਖਾ)

ਵੱਲ,

1. ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਹਤ ਸੇਵਾਵਾਂ (ਸ:ਬ:) ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
4. ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਫਰੀਦਕੋਟ।
5. ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨਜ਼।
6. ਮੈਡੀਕਲ ਸੁਪਰਡੰਟ, ਸਿਵਲ ਹਸਪਤਾਲ, ਜਲੰਧਰ/
   ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ/ ਈ.ਐਸ. ਆਈ. ਹਸਪਤਾਲ,
   ਲੁਧਿਆਣਾ/ਅੰਮ੍ਰਿਤਸਰ/ਜਲੰਧਰ।
7. ਪ੍ਰਿੰਸੀਪਲ ਮੈਡੀਕਲ ਅਫਸਰ ਇੰਚ:ਬੀ.ਬੀ.ਐਮ.ਬੀ. ਹਸਪਤਾਲ, ਤਲਵਾੜਾ/ਨੰਗਲ/ਸੁੰਦਰਨਗਰ।
8. ਜ਼ੋਨਲ ਮਲੇਰੀਆ ਅਫਸਰ, ਪਟਿਆਲਾ/ਜਲੰਧਰ/ਫਿਰੋਜ਼ਪੁਰ
9. ਕੈਮੀਕਲ ਐਗਜ਼ਾਮੀਨਰ, ਪੰਜਾਬ ਸਰਕਾਰ, ਖਰੜ (ਮੋਹਾਲੀ)।

ਨੰ: ਈ2(2)ਪੀ:15/
ਮਿਤੀ: ਚੰਡੀਗੜ੍ਹ;

ਵਿਸ਼ਾ:- ਪੀ.ਸੀ.ਐਮ.ਐਸ ਮੈਡੀਕਲ ਅਫਸਰਾਂ ਦੀ ਪ੍ਰੋਵੀਜਨਲ ਸੀਨੀਆਰਤਾ ਸੂਚੀ ਜਾਰੀ ਕਰਨ ਬਾਰੇ।

*****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਉਕਤ ਵਿਸ਼ੇ ਅਧੀਨ ਲਿਖਿਆ ਜਾਂਦਾ ਹੈ ਕਿ ਸਾਲ 1991 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਮਿਤੀ 24.05.1991, 06.06.1991 ਅਤੇ 05.07.1991 ਨੂੰ ਸਿਫਾਰਸ਼ ਕੀਤੇ ਮੈਡੀਕਲ ਅਫਸਰਾਂ ਦੀ ਸਾਂਝੀ ਮੈਰਿਟ ਸੂਚੀ ਜੋ ਉਨ੍ਹਾਂ ਦੇ ਪੱਤਰ ਨੰ: ਆਰ.ਜੀ.322/2011/ਅ13/6951 ਮਿਤੀ 08.09.2015 ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1 ਸ਼ਾਖਾ) ਚੰਡੀਗੜ੍ਹ ਨੂੰ ਸੂਚੀ ਪ੍ਰਾਪਤ ਹੋਈ ਸੀ, ਦੇ ਅਧਾਰ ਤੇ ਅਤੇ ਸਾਲ 1987 ਅਤੇ 1988 ਦੌਰਾਨ ਜੋ ਡਾਕਟਰ ਸ਼ਾਰਟ ਟਰਮ ਸੇਵਾ ਵਿੱਚ ਭਰਤੀ ਹੋਏ ਸਨ ਅਤੇ ਜਿਨ੍ਹਾਂ ਦੀਆਂ ਸੇਵਾਵਾਂ 4 ਸਾਲਾਂ ਬਾਅਦ ਰੈਗੂਲਰ ਕੀਤੀਆਂ ਗਈਆਂ ਸਨ, ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ, ਜੋ ਕਿ ਸੀਨੀਆਰਤਾ ਨੰਬਰ 5654 ਤੋਂ 5855 ਤੱਕ ਹੈ। 'ਇਹ ਪ੍ਰੋਵੀਜਨਲ ਸੀਨੀਆਰਤਾ ਸੂਚੀ ਇਸ ਵਿਭਾਗ ਦੀ ਵੈਬ-ਸਾਈਟ www.pbhealth.gov.in ਤੇ ਅੱਪਲੋਡ ਕਰ ਦਿੱਤੀ ਗਈ ਹੈ। ਸੀਨੀਆਰਤਾ ਸੂਚੀ ਦੀ ਕਾਪੀ ਭੇਜਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਨੂੰ ਆਪ ਦੇ ਅਧੀਨ ਕੰਮ ਕਰਦੇ ਸਬੰਧਤ/ਸਮੂਹ ਮੈਡੀਕਲ ਅਫਸਰਾਂ ਨੂੰ ਨੋਟ ਕਰਵਾ ਦਿੱਤੀ ਜਾਵੇ। ਜੇਕਰ ਇਸ ਸੀਨੀਆਰਤਾ ਸਬੰਧੀ ਕਿਸੇ ਮੈਡੀਕਲ ਅਫਸਰ ਤੋਂ ਕੋਈ ਇਤਰਾਜ਼ ਪ੍ਰਾਪਤ ਹੁੰਦੇ ਹਨ ਤਾਂ ਉਹ ਸਬੰਧਤ ਮੈਡੀਕਲ ਅਫਸਰਾਂ ਤੋਂ ਪ੍ਰਾਪਤ ਸਬੂਤਾਂ ਤੇ ਦਸ਼ਤਾਵੇਜ਼ ਦੇ ਅਧਾਰ ਤੇ ਲੈ ਕੇ ਆਪਣੀ ਟਿੱਪਣੀ/ਸਿਫਾਰਸ਼ ਸਹਿਤ ਸੀਨੀਆਰਤਾ ਸੂਚੀ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਯੋਗ ਪ੍ਰਣਾਲੀ ਰਾਹੀਂ ਭੇਜੇ ਜਾਣ। ਜਿਹੜੇ ਮੈਡੀਕਲ ਅਫਸਰਾਂ ਦੇ ਇਤਰਾਜ 10 ਦਿਨਾਂ ਤੋਂ ਬਾਅਦ ਪ੍ਰਾਪਤ ਹੋਣਗੇ ਤਾਂ ਉਨ੍ਹਾਂ ਇਤਰਾਜਾਂ ਨੂੰ ਇਸ ਦਫਤਰ ਵੱਲੋਂ ਵਿਚਾਰਿਆ ਨਹੀਂ ਜਾਵੇਗਾ। ਜੇਕਰ ਮਿੱਥੇ ਸਮੇਂ ਦੌਰਾਨ ਕਿਸੇ ਮੈਡੀਕਲ ਅਫਸਰ ਤੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੁੰਦਾ ਤਾਂ ਇਹ ਸਮਝ ਲਿਆ ਜਾਵੇ ਕਿ ਕਿਸੇ ਵੀ ਡਾਕਟਰ ਨੂੰ ਇਸ ਜਾਰੀ ਕੀਤੀ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਸਬੰਧੀ ਕੋਈ ਇਤਰਾਜ ਨਹੀਂ ਅਤੇ ਇਸ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਨੂੰ ਫਾਈਨਲ ਕਰਨ ਲਈ ਲੋੜੀਂਦੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇੱਥੇ ਇਹ ਵੀ ਦੱਸਣਾ ਉਚਿਤ ਹੈ ਕਿ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ ਦੇ ਨੋਟੀਫਿਕੇਸ਼ਨ ਨੰ: ਜੀ.ਐਸ.ਆਰ./117/Const./Art/309/82 ਮਿਤੀ 07.07.1982 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਇਹ ਸੀਨੀਆਰਤਾ ਜਾਰੀ ਕੀਤੀ ਗਈ ਹੈ।

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਪਿੱਠ ਅੰਕਣ ਨੰ: ਈ2(2)ਪੀ:15/6298-96 ਮਿਤੀ: ਚੰਡੀਗੜ੍ਹ; 06-11-2015

ਉਤਾਰਾ:

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।
2. ਡਿਪਟੀ ਡਾਇਰੈਕਟਰ, ਇੰਚ: ਕੰਪਿਊਟਰ ਸੈਲ ਦਫਤਰ ਡੀ.ਐਚ.ਐਸ. ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸੀਨੀਆਰਤਾ ਸੂਚੀ ਵਿਭਾਗ ਦੀ ਵੈਬ ਸਾਈਟ ਤੇ ਅੱਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਨੋਟ: ਇਸ ਸੀਨੀਆਰਤਾ ਸੂਚੀ ਦੀ ਇੱਕ-ਇੱਕ ਕਾਪੀ ਸਬੰਧਤ ਸਿਵਲ ਸਰਜਨਾਂ/ਮੈਡੀਕਲ ਸੁਪਰਡੰਟਾਂ ਨੂੰ ਮਿਤੀ [illegible].11.2015 ਨੂੰ ਹੋਈ ਸਿਵਲ ਸਰਜਨਜ਼ ਕਾਨਫਰੰਸ ਦੌਰਾਨ ਦਸਤੀ ਦਿੰਦੇ ਹੋਏ ਉਨ੍ਹਾਂ ਨੂੰ ਕਹਿ ਦਿੱਤਾ ਗਿਆ ਸੀ ਇਸ ਸੀਨੀਆਰਤਾ ਨੂੰ ਸਬੰਧਤ ਮੈਡੀਕਲ ਅਫਸਰਾਂ ਨੂੰ ਨੋਟ ਕਰਵਾ ਦਿੱਤਾ ਜਾਵੇ, ਜੇਕਰ ਇਸ ਸਬੰਧੀ ਕਿਸੇ ਮੈਡੀਕਲ ਅਫਸਰ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਦਸਤਾਵੇਜ਼ੀ ਸਬੂਤਾਂ ਸਮੇਤ ਇਸ ਦਫਤਰ ਨੂੰ ਯੋਗ ਕਾਰਵਾਈ ਹਿੱਤ ਭੇਜੇ ਜਾਣ।